**ਮਿਤੀ 21.1.2015 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 15ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 15ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 21.1.2015 ਨੂੰ ਸਮਾਂ 12.30 ਵਜੇ (ਬ.ਦ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆ" ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 14ਵੀਂ ਮੀਟਿੰਗ ਮਿਤੀ 27.8.2014 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 27.8.2014 ਨੂੰ ਹੋਈ 14ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2014-15/4890-4899 ਮਿਤੀ 03.11.2014 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਜਿਸ ਉਪਰੰਤ ਬੋਰਡ ਵਲੋਂ 14ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 14ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 14ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੋਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਇਸ ਅਜੰਡਾ ਆਈਟਮ ਸਬੰਧੀ ਕੀਤੀ ਕਾਰਵਾਈ ਬਾਰੇ ਮੈਂਬਰ ਸਕੱਤਰ ਵਲੋਂ ਵਿਸਥਾਰ ਨਾਲ ਚਾਨਣਾ ਪਾਇਆ ਗਿਆ। ਮੋਕੇ ਤੇ ਮਾਨਯੋਗ ਚੇਅਰਮੈਨ ਜੀ ਵਲੋਂ ਕਿਹਾ ਗਿਆ ਕਿ ਮੈਨੂਫੈਕਚਰਰ ਕੰਪਨੀਆਂ ਵਲੋਂ ਸਹਾਇਕ ਕੰਪਨੀਆਂ ਤੋਂ ਵਖਰੇ-ਵਖਰੇ ਸਾਈਕਲ-ਪਾਰਟਸ ਜਿਵੇਂ ਕਿ ਰਿੰਮ, ਟਾਇਰ, ਚੇਨ, ਹੈਂਡਲ, ਕੈਰੀਅਰ ਆਦਿ ਖ੍ਰੀਦਕੇ ਸਾਈਕਲ ਅਸੈਂਬਲ ਕੀਤੇ ਜਾਂਦੇ ਹਨ। ਲੋੜ ਇਸ ਗੱਲ ਦੀ ਹੈ ਕਿ ਸਾਈਕਲ ਵਿੱਚ ਜਿਹੜਾ ਸਮਾਨ ਲੱਗਾਉਣਾ ਹੈ ਉਸ ਦੀ ਕੁਆਲਿਟੀ ਵਧੀਆ ਹੋਣੀ ਚਾਹੀਦੀ ਹੈ। ਵਿਚਾਰ ਵਟਾਂਦਰੇ ਅਨੁਸਾਰ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਇਸ ਸਕੀਮ ਅਧੀਨ ਸਾਈਕਲ ਦੀ ਖ੍ਰੀਦ ਵਾਸਤੇ ਵਿਭਾਗੀ ਅਧਿਕਾਰੀਆਂ ਦੀ ਇਕ ਟੈਂਡਰ ਕਮੇਟੀ ਜਿਸ ਵਿੱਚ ਇੰਡਸਟ੍ਰੀਜ਼ ਵਿਭਾਗ ਦਾ ਨੁਮਾਇੰਦਾ ਸ਼ਾਮਲ ਹੋਵੇ, ਬਣਾਈ ਜਾਵੇ। ਇਹ ਟੈਂਡਰ ਕਮੇਟੀ ਚੰਗੀ ਕੁਆਲਿਟੀ ਦੇ ਸਮਾਨ ਦੀ ਸਪੈਸੀਫਿਕੇਸ਼ਨਾ ਤਹਿ ਕਰਨ ਅਤੇ ਇਨ੍ਹਾਂ ਸਪੈਸੀਫਿਕੇਸ਼ਨਾ ਦੇ ਅਧਾਰ ਤੇ ਬੋਰਡ ਵਲੋਂ 4000-5000 ਸਾਈਕਲਾਂ ਦੀ ਖ੍ਰੀਦ ਬਾਰੇ ਅਖਬਾਰਾਂ ਵਿੱਚ ਟੈਂਡਰ ਲਾਉਣ ਲਈ ਕਾਰਵਾਈ ਕਰੇਗੀ। ਟੈਂਡਰ ਦੇਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਾਈਕਲ ਮੈਨੁਫੈਕਚਰਰ ਆਪ ਪੰਜਾਬ ਵਿੱਚ ਸਾਈਕਲ ਬਣਾਉਂਦਾ ਹੋਵੇ। ਖਰੀਦੇ ਜਾਣ ਵਾਲੇ ਸਾਈਕਲਾਂ ਦੀ ਸਪੈਸੀਫਿਕੇਸ਼ਨ ਵੀ ਟੈਂਡਰ ਵਿੱਚ ਦਰਸਾਈ ਜਾਵੇ।

**14ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ:2**

**ਬੋਰਡ ਵਲੋਂ ਆਮਦਨ ਕਰ ਐਪੀਲੇਟ ਟਰੀਬਿਊਨਲ ਚੰਡੀਗੜ੍ਹ ਪਾਸ ਦਾਇਰ ਕੀਤੇ ਗਏ ਆਮਦਨ ਕਰ ਕੇਸ ਦੀ ਤਾਜਾ ਸਥਿਤੀ ਬਾਰੇ।**

ਮੈਂਬਰ ਸਕੱਤਰ ਵਲੋਂ ਮੌਕੇ ਤੇ ਬੋਰਡ ਨੂੰ ਜਾਣੂੰ ਕਰਵਾਇਆ ਗਿਆ ਕਿ ਇਸ ਕੇਸ ਵਿੱਚ ਆਮਦਨ ਕਰ ਕਮਿਸ਼ਨਰ ਵਲੋਂ ਕੇਸ ਦੀ ਸੁਣਵਾਈ ਮਿਤੀ 22.1.2015 ਨੂੰ ਨਿਸ਼ਚਿਤ ਕੀਤੀ ਗਈ ਹੈ ਅਤੇ ਕੇਸ ਵਿੱਚ ਹੋਈ ਪ੍ਰਗਤੀ ਬਾਰੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਜਾਣਕਾਰੀ ਦੇ ਦਿਤੀ ਜਾਵੇਗੀ। ਮੈਂਬਰ ਸਾਹਿਬਾਨ ਵਲੋਂ ਇਸ ਬਾਰੇ ਸੰਤੁਸ਼ਟੀ ਪ੍ਰਗਟ ਕੀਤੀ ਗਈ।

**14ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ:6**

**ਬੋਰਡ ਦੇ ਕੰਮ ਵਾਸਤੇ ਵੱਖ-ਵੱਖ ਖੇਤਰੀ ਦਫਤਰਾਂ ਵਿੱਚ ਡੈਡੀਕੇਟਿਡ ਵਰਕਰ ਰੱਖਣ ਬਾਰੇ।**

ਫੀਲਡ ਸਹਾਇਕਾਂ ਦੀ ਕਾਰਗੁਜਾਰੀ ਦੋ ਮਹੀਨੇ ਉਪਰੰਤ ਰਿਵਿਊ ਕਰਕੇ ਅਗਲੀ ਮੀਟਿੰਗ ਵਿੱਚ ਸੂਚਿਤ ਕਰਨ ਸਬੰਧੀ ਤਜਵੀਜ ਨੂੰ ਬੋਰਡ ਵਲੋਂ ਪ੍ਰਵਾਨ ਕੀਤਾ ਗਿਆ।

**15ਵੀਂ ਮੀਟਿੰਗ ਅਜੰਡਾ ਆਈਟਮ ਨੰ:3**

**ਮਿਤੀ 1.4.2014 ਤੋਂ 31.12.2014 ਦੌਰਾਨ ਬੋਰਡ ਦੀ ਆਮਦਨ ਅਤੇ ਖਰਚੇ ਦੀ ਸਥਿਤੀ।**

ਇਸ ਅਜੰਡਾ ਆਈਟਮ ਤੇ ਵਿਚਾਰ-ਵਟਾਂਦਰੇ ਦੌਰਾਨ ਮੈਂਬਰ ਸਕੱਤਰ ਵਲੋਂ ਬੋਰਡ ਦੀ ਮਿਤੀ 1.4.2014 ਤੋਂ 31.12.2014 ਤੱਕ ਆਮਦਨ ਅਤੇ ਖਰਚੇ ਦੇ ਵੇਰਵੇ, ਜਿਨ੍ਹਾਂ ਵਿੱਚ ਸੈਸ ਦੀ ਪ੍ਰਾਪਤੀ, ਰਜਿਸਟ੍ਰੇਸ਼ਨ ਫੀਸ/ਅੰਸ਼ਦਾਨ ਦੀ ਪ੍ਰਾਪਤੀ, ਰਜਿਸਟਰਡ ਕੰਪਨੀਆਂ ਦੀ ਗਿਣਤੀ, ਭਲਾਈ ਸਕੀਮਾਂ ਅਧੀਨ ਵੰਡੀਆਂ ਰਕਮਾਂ, ਪ੍ਰਬੰਧਕੀ ਖਰਚਿਆਂ ਅਤੇ ਵਿਤੀ ਸਥਿਤੀ ਤੇ ਅੰਕੜੇ ਦਿਤੇ ਗਏ ਹਨ, ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤੇ ਗਏ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਸਮੇਂ ਦੌਰਾਨ ਬੋਰਡ ਵਲੋਂ ਕੁੱਲ 62935 ਲਾਭਪਾਤਰੀ ਰਜਿਸਟਰ ਕੀਤੇ ਗਏ ਅਤੇ 26982 ਲਾਭਪਾਤਰੀਆਂ ਨੂੰ ਕਿਰਤ ਭਲਾਈ ਸਕੀਮਾਂ ਅਧੀਨ 18.47 ਕਰੋੜ ਰੁਪਏ ਦੀ ਰਾਸ਼ੀ ਮੰਨਜੂਰ ਕੀਤੀ ਗਈ ਹੈ, ਜਦਕਿ ਪ੍ਰਬੰਧਕੀ ਖਰਚੇ 189.44 ਲੱਖ ਰੁਪਏ ਤੱਕ ਹੋ ਚੁਕੇ ਹਨ ਅਤੇ ਇਸ ਤਰ੍ਹਾਂ ਪ੍ਰਬੰਧਕੀ ਖਰਚਾ ਕੁੱਲ ਖਰਚਿਆਂ ਦਾ 10% ਤੋਂ ਵੱਧ ਹੋ ਚੁਕਾ ਹੈ ਜੋਕਿ ਐਕਟ ਦੀ ਧਾਰਾ 24(3) ਵਿੱਚ ਨਿਰਧਾਰਤ 5% ਦੀ ਸੀਮਾ ਤੋਂ ਵੱਧ ਹੈ।ਮੌਕੇ ਤੇ ਮੈਂਬਰ ਸੱਕਤਰ ਵਲੋਂ ਦਸਿਆ ਗਿਆ ਕੀ ਅਗਲੇ 3 ਮਹੀਨਿਆ ਵਿੱਚ ਇਨ੍ਹਾਂ ਸਕੀਮਾ ਤੇ ਹੋਰ ਖਰਚਾ ਕੀਤਾ ਜਾਵੇਗਾ ਅਤੇ ਪੈਨਸਨ ਸਕੀਮ ਅਧੀਨ ਵੀ 35 ਕਰੋੜ ਰੁਪਏ ਦੀ ਰਾਸ਼ੀ ਪੈਨਸ਼ਨ ਫੰਡ ਵਿੱਚ ਜਮਾਂ ਕਰਵਾਉਣ ਦੀ ਤਜਵੀਜ ਹੈ, ਜਿਸ ਉਪਰੰਤ ਉਮੀਦ ਹੈ ਕਿ ਪ੍ਰਬੰਧਕੀ ਖਰਚੇ 5% ਦੀ ਨਿਰਧਾਰਿਤ ਸੀਮਾ ਤੱਕ ਆ ਜਾਣਗੇ।

**15ਵੀਂ ਮੀਟਿੰਗ ਅਜੰਡਾ ਆਈਟਮ ਨੰ: 4**

**ਬੋਰਡ ਦਾ ਸਾਲ 2014-15 ਦਾ ਸੋਧਿਆ ਬੱਜਟ ਅਤੇ ਸਾਲ 2015-16 ਦਾ ਅਨੁਮਾਨਤ ਬਜੱਟ ਪ੍ਰਵਾਨ ਕਰਨ ਬਾਰੇ**

ਬੋਰਡ ਦੇ ਵੱਧ ਰਹੇ ਵਿਤੀ ਕੰਮ ਨੂੰ ਦੇਖਦੇ ਹੋਏ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸਾਲ 2014-15 ਦਾ ਸੋਧਿਆ ਬਜੱਟ ਅਤੇ ਸਾਲ 2015-16 ਦਾ ਅਨੁਮਾਨਤ ਬਜੱਟ ਪ੍ਰਵਾਨ ਕੀਤਾ ਗਿਆ (**ਅਨੁਲੱਗ 'ਕ'**)।

**15ਵੀਂ ਮੀਟੰਗ ਅਜੰਡਾ ਆਈਟਮ ਨੰ:5**

**ਬੋਰਡ ਦਾ ਸੇਵਿੰਗ ਬੈਂਕ ਖਾਤਾ ਇਕ ਹੋਰ ਰਾਸ਼ਟਰੀ ਬੈਂਕ ਵਿੱਚ ਖੋਲ੍ਹਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਦੇ ਪੰਜਾਬ ਨੈਸ਼ਨਲ ਬੈਂਕ, ਸੈਕਟਰ 22-ਬੀ, ਚੰਡੀਗੜ੍ਹ ਵਿਖੇ ਚਲ ਰਹੇ ਮੋਜੂਦਾ ਸੇਵਿੰਗ ਖਾਤੇ ਤੋਂ ਇਲਾਵਾ ਕਿਸੇ ਦੋ ਹੋਰ ਰਾਸ਼ਟਰੀ ਬੈਂਕਾਂ ਵਿੱਚ ਬੋਰਡ ਦਾ ਸੇਵਿੰਗ ਖਾਤਾ ਖੁਲਵਾਉਣ ਦੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ।

**15ਵੀਂ ਮੀਟਿੰਗ ਅਜੰਡਾ ਆਈਟਮ ਨੰ:6**

**ਸ੍ਰੀ ਬੀਰਇੰਦਰਜੀਤ ਸਿੰਘ ਪ੍ਰੋਜੈਕਟ ਡਾਇਰੈਕਟਰ-ਕਮ-ਟੈਕਨੀਕਲ ਐਡਵਾਈਜਰ ਦੀ ਨਿਯੁਕਤੀ ਦੇ ਸਮੇਂ ਨੂੰ ਵਧਾਉਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸ੍ਰੀ ਬੀਰਇੰਦਰਜੀਤ ਸਿੰਘ, ਪ੍ਰੋਜੈਕਟਰ ਡਾਇਰੈਕਟਰ-ਕਮ-ਟੈਕਨੀਕਲ ਐਡਵਾਈਜਰ ਦੀ ਬੋਰਡ ਵਿੱਚ ਨਿਯੁਕਤੀ ਦਾ ਸਮਾਂ ਮਿਤੀ 29.1.2015 ਤੋਂ ਅੱਗੇ ਇਕ ਸਾਲ ਲਈ ਮਿਤੀ 28.1.2016 ਤੱਕ ਵਧਾਉਣ ਦੀ ਪ੍ਰਵਾਨਗੀ ਦਿਤੀ ਗਈ। ਮੋਕੇ ਤੇ ਮਾਨਯੋਗ ਚੇਅਰਮੈਨ ਜੀ ਵਲੋਂ ਕਿਹਾ ਗਿਆ ਕਿ ਇਹ ਅਧਿਕਾਰੀ ਬੋਰਡ ਵਿੱਚ ਪ੍ਰੋਜੇਕਟ ਡਾਇਰੈਕਟਰ ਦੀ ਡਿਊਟੀ ਤੋਂ ਇਲਾਵਾ ਉਨ੍ਹਾਂ ਨਾਲ ਨਿਯੁਕਤੀ ਵੇਲੇ ਤੋਂ ਹੀ ਓ.ਐਸ.ਡੀ ਵਜੋਂ ਵੀ ਕੰਮ ਸੰਭਾਲ ਰਿਹਾ ਹੈ। ਇਸ ਲਈ ਇਸ ਅਧਿਕਾਰੀ ਦੇ ਔਹਦੇ ਦਾ ਨਾਂ **'ਪ੍ਰੋਜੈਕਟ ਡਾਇਰੈਕਟਰ-ਕਮ-ਓ.ਐਸ.ਡੀ'** ਰੱਖਣਾ ਯੋਗ ਹੋਵੇਗਾ। ਇਸ ਬਾਰੇ ਮੈਂਬਰ ਸਾਹਿਬਾਨ ਵਲੋਂ ਸਰਵ ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ:1**

**ਪੰਜਾਬ ਸਰਵ ਸਿਹਤ ਬੀਮਾ ਯੋਜਨਾ (ਪੀ.ਐਸ.ਐਸ.ਬੀ.ਵਾਈ) ਸਕੀਮ ਦੇ status ਬਾਰੇ।**

ਪੰਜਾਬ ਸਰਵ ਸਿਹਤ ਬੀਮਾ ਯੋਜਨਾ (ਪੀ.ਐਸ.ਐਸ.ਬੀ.ਵਾਈ) ਦੇ ਸਬੰਧ ਵਿੱਚ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਸ੍ਰੀਮਤੀ ਸਰੋਜ ਨੈਨ, ਮੈਨੇਜਰ ਇੰਸ਼ੋਰੈਂਸ ਅਤੇ ਡਾ. ਸ੍ਰੀਮਤੀ ਸ਼ਵੇਤਾ ਮਹਿੰਦਰੂ, ਇੰਸ਼ੋਰੈਂਸ ਕੰਨਸਲਟੈਂਟ ਵਲੋਂ ਬੋਰਡ ਦੀ ਮੀਟਿੰਗ ਦੋਰਾਨ ਪ੍ਰਿਜੈਂਟੇਸ਼ਨ ਦਿੰਦੇ ਹੋਏ ਦੱਸਿਆ ਗਿਆ ਕਿ ਉਨ੍ਹਾਂ ਵਲੋਂ ਇਹ ਸਕੀਮ ਲਾਂਚ ਕਰਨ ਲਈ ਬੈਂਕਾਂ ਅਤੇ ਬੀਮਾ ਕੰਪਨੀਆਂ ਵਿਚਕਾਰ ਹੋਣ ਵਾਲੇ ਐਮ.ਓ.ਯੂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ ਅਤੇ ਇਹ ਐਮ.ਓ.ਯੂ ਵਿਤ ਵਿਭਾਗ ਪਾਸੋਂ ਪ੍ਰਾਪਤ ਕੀਤਾ ਜਾ ਰਿਹਾ ਹੈ।ਇਸ ਉਪਰੰਤ ਟੈਂਡਰ ਲਾਂਚ ਕੀਤਾ ਜਾਵੇਗਾ।

ਮੋਕੇ ਤੇ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਉਸਾਰੀ ਕਿਰਤੀ ਮਾਈਗ੍ਰੇਟਰੀ ਨੇਚਰ ਦੇ ਹੁੰਦੇ ਹਨ ਅਤੇ ਬਹੁਤ ਸਾਰੇ ਉਸਾਰੀ ਕਿਰਤੀ ਦੂਜੇ ਰਾਜਾਂ ਜਿਵੇਂ ਕਿ ਯੂ.ਪੀ, ਬਿਹਾਰ, ਉੜੀਸਾ, ਰਾਜਸਥਾਨ ਆਦਿ ਤੋਂ ਪੰਜਾਬ ਵਿੱਚ ਕੰਮ ਦੀ ਭਾਲ ਵਿੱਚ ਆਉਂਦੇ ਹਨ। ਇਨ੍ਹਾਂ ਕਿਰਤੀਆਂ ਦੇ ਪਰਿਵਾਰ ਅਕਸਰ ਅਪਣੀ Home State ਵਿੱਚ ਰਹਿੰਦੇ ਹਨ, ਜਿਸ ਕਰਕੇ ਉਸਾਰੀ ਕਿਰਤੀਆਂ ਦੇ ਪਰਿਵਾਰਾਂ ਦਾ ਡਾਟਾ ਬੋਰਡ/ਫੀਲਡ ਅਧਿਕਾਰੀਆਂ ਨੂੰ ਨਹੀਂ ਮਿਲ ਰਿਹਾ। ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਇਸ ਵੇਲੇ ਬੋਰਡ ਪਾਸ ਤਕਰੀਬਨ 28610 ਰਜਿਸਟਰਡ ਉਸਾਰੀ ਕਿਰਤੀਆਂ ਅਤੇ 91461 ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਡਾਟਾ ਹੈ ਜੋਕਿ ਪਰਿਵਾਰਕ-ਮੈਂਬਰਾਂ ਸਮੇਤ ਕੁਲ 1,20,071 ਬਣਦਾ ਹੈ। ਤਕਰੀਬਨ 1 ¼ ਲੱਖ ਉਸਾਰੀ ਕਿਰਤੀ ਅਜਿਹੇ ਹਨ ਜਿਨ੍ਹਾਂ ਦਾ ਡਾਟਾ ਪ੍ਰਵਾਸੀ ਮਜਦੂਰੀ ਹੋਣ ਕਾਰਣ ਉਨ੍ਹਾਂ ਦੇ ਪਰਿਵਾਰਾਂ ਤੋਂ ਬਗੈਰ ਹੈ। ਮੋਕੇ ਤੇ ਮੈਂਬਰ ਸਕੱਤਰ ਵਲੋਂ ਸਪਸ਼ਟ ਕੀਤਾ ਗਿਆ ਕਿ ਸਾਰੇ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਉਪਲਬਧ ਪਰਿਵਾਰਾਂ ਦੀ ਗਿਣਤੀ ਅਨੁਸਾਰ ਕੁੱਲ 2 ਲੱਖ ਵਿਅਕਤੀਆਂ ਦਾ ਡਾਟਾ ਬੋਰਡ ਪਾਸ ਹੈ, ਜਿਸ ਨੂੰ ਪ੍ਰਾਪਰ ਫਾਰਮੈਟ ਵਿੱਚ ਤਿਆਰ ਕਰਕੇ ਇਕ ਹਫਤੇ ਦੇ ਅੰਦਰ ਅੰਦਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਭੇਜ ਦਿਤਾ ਜਾਵੇਗਾ। ਇਸ ਬਾਰੇ ਹੈਲਥ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ ਅਤੇ

ਕਿਹਾ ਕਿ ਇਹ ਡਾਟਾ ਉਨ੍ਹਾਂ ਨੂੰ ਤੁਰੰਤ ਈ.ਮੇਲ ਰਾਹੀਂ ਭੇਜ ਦਿਤਾ ਜਾਵੇ ਤਾਂ ਜੋ ਉਨ੍ਹਾਂ ਵਲੋਂ ਟੈਂਡਰ ਨੂੰ ਅੰਤਿਮ ਰੂਪ ਦਿਤਾ ਜਾ ਸਕੇ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਵਲੋਂ ਕੇਂਦਰ ਸਰਕਾਰ ਦੁਆਰਾ Unorganized Social Security Workers Act, 2008 ਅਧੀਨ ਲਾਂਚ ਕੀਤੀ ਜਾਣ ਵਾਲੀ ਆਰ.ਐਸ.ਬੀ.ਵਾਈ ਸਕੀਮ ਦਾ ਵੀ ਜਿਕਰ ਕੀਤਾ ਗਿਆ ਅਤੇ ਕਿਹਾ ਕਿ ਬੋਰਡ ਨੂੰ ਇਸ ਸਕੀਮ ਦੇ ਵੱਖ-ਵੱਖ ਪਹਿਲੂਆਂ ਦੀ ਵੀ ਘੋਖ ਕਰ ਲੈਣੀ ਚਾਹੀਦੀ ਹੈ, ਜਿਸ ਤੇ ਬੋਰਡ ਦੇ ਮੈਂਬਰਾਂ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:2** **Recognition of Prior Learning (RPL) ਦੇ concept ਨੂੰ ਆਧਾਰ ਮਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।**

ਇਸ ਅਜੰਡਾ ਆਈਟਮ ਦੇ ਸਬੰਧ ਵਿੱਚ ਸ੍ਰੀ ਆਰ.ਕੇ ਵਰਮਾ, ਆਈ.ਏ.ਐਸ, ਸਕੱਤਰ ਤਕਨੀਕੀ ਸਿਖਿਆ ਵਿਭਾਗ ਪੰਜਾਬ ਅਤੇ ਉਨ੍ਹਾਂ ਨਾਲ ਸ੍ਰੀ ਜਗਜੀਤ ਸਿੰਘ, ਜਾਇੰਟ ਡਾਇਰੈਕਟਰ ਵਲੋਂ ਪ੍ਰਿਜੈਂਟੇਸ਼ਨ ਦਿੰਦੇ ਹੋਏ RPL ਦੇ ਕੰਸੈਪਟ ਨੂੰ ਅਧਾਰ ਮੰਨਕੇ ਟ੍ਰੇਨਿੰਗ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿਤੀ ਗਈ। ਉਨ੍ਹਾਂ ਵਲੋਂ ਇਹ ਦੱਸਿਆ ਗਿਆ ਕਿ ਟ੍ਰੇਨਿੰਗ ਦੇਣ ਲਈ ਕੇਂਦਰ ਸਰਕਾਰ ਵਲੋਂ ਦਿਤੀਆਂ ਗਾਈਡ ਲਾਈਨਜ ਅਤੇ ਤਹਿ ਕੀਤੇ ਨਾਰਮਜ ਅਨੁਸਾਰ ਹੀ ਕਾਰਵਾਈ ਕੀਤੀ ਜਾਣੀ ਹੈ। ਟ੍ਰੇਨਿੰਗ ਏਜੰਸੀਆਂ, ਅਸੈਸਮੈਂਟ ਏਜੰਸੀਆਂ ਕੇਂਦਰ ਸਰਕਾਰ ਵਲੋਂ ਹੀ empanel ਕੀਤੀਆਂ ਜਾਣੀਆਂ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਰਾਜ ਵਿੱਚ ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਜਿਸ ਦੇ ਮੁੱਖੀ ਮਾਨਯੋਗ ਮੁੱਖ ਮੰਤਰੀ ਜੀ ਹਨ, ਵਲੋਂ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਅਧੀਨ uniform and coherence ਪਾਲੀਸੀ ਅਨੁਸਾਰ ਟ੍ਰੇਨਿੰਗ ਦੁਆਉਣ ਦਾ ਮਿਸ਼ਨ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ 12 ਵਿਭਾਗਾਂ ਵਲੋਂ ਟ੍ਰੇਨਿੰਗ ਦੁਆਉਣ ਦਾ ਕੁੱਲ ਟੀਚਾ 2 ਲੱਖ ਪ੍ਰਤਿ ਸਾਲ ਹੈ ਅਤੇ ਕੰਸਟ੍ਰਕਸ਼ਨ ਬੋਰਡ ਵਲੋਂ RPL ਅਧੀਨ ਸਾਲ 2014-15 ਲਈ 2000 ਉਸਾਰੀ ਕਿਰਤੀਆਂ ਅਤੇ ਸਕਿਲ ਡਿਵੈਲਪਮੈਂਟ ਅਧੀਨ 4000 ਉਸਾਰੀ ਕਿਰਤੀਆਂ ਨੂੰ ਟ੍ਰੇਨਿੰਗ ਦੁਆਉਣ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਕੰਸਟ੍ਰਕਸ਼ਨ ਦੇ ਕੰਮ ਦੀ ਕੁਆਲਿਟੀ ਵਿੱਚ ਸੁਧਾਰ ਲਿਆਉਣ ਲਈ ਇਹ ਟ੍ਰੇਨਿੰਗ ਬਹੁਤ ਜਰੂਰੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਲਾਜਮੀ ਹੋਵੇਗਾ ਕਿ ਕੇਵਲ ਉਹ ਉਸਾਰੀ ਕਿਰਤੀ ਹੀ ਉਸਾਰੀ ਦੇ ਕੰਮ ਵਿੱਚ ਲਗਾਏ ਜਾਣ ਜਿਨ੍ਹਾਂ ਪਾਸ ਉਨ੍ਹਾਂ ਦੇ ਹੁਨਰ ਸਬੰਧੀ ਸਰਟੀਫਿਕੇਟ ਹੋਵੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ RPL ਸਕੀਮ ਅਧੀਨ ਲੈਵਲ-1 ਦੀ ਟ੍ਰੇਨਿੰਗ 7 ਤੋਂ 15 ਦਿਨ ਦੀ construction site ਤੇ ਹੀ ਦਿਤੀ ਜਾਵੇਗੀ ਅਤੇ ਇਸ ਟ੍ਰੇਨਿੰਗ ਦਾ ਸਰਟੀਫਿਕੇਟ ਅਸੈਸਮੈਂਟ ਹੋਣ ਉਪਰੰਤ MOLE ਵਲੋਂ ਜਾਰੀ ਕੀਤਾ ਜਾਵੇਗਾ ਅਤੇ ਟ੍ਰੇਨਿੰਗ ਲਈ ਸਾਰੇ ਨਾਰਮਜ NCVT ਸਕੀਮ ਅਨੁਸਾਰ ਲਾਗੂ ਹੋਣਗੇ। ਉਨ੍ਹਾਂ ਵਲੋਂ ਸਪਸ਼ਟ ਕੀਤਾ ਗਿਆ ਕਿ RPL ਸਕੀਮ ਅਧੀਨ ਅਜਿਹੇ ਕਿਰਤੀਆਂ ਨੂੰ ਹੀ ਟ੍ਰੇਨਿੰਗ ਦਿਤੀ ਜਾਵੇਗੀ ਜਿਨ੍ਹਾਂ ਦਾ ਪਹਿਲਾਂ ਹੁਨਰ 40% ਹੋਵੇ ਅਤੇ ਜੇਕਰ ਹੁਨਰ 40% ਤੋਂ ਘੱਟ ਹੈ, ਤਾਂ ਅਜਿਹੇ ਵਿਅਕਤੀਆਂ ਨੂੰ ਲੰਬੇ ਕੋਰਸ ਦੀ ਟ੍ਰੇਨਿੰਗ ਦੇਣ ਲਈ ਆਈ.ਟੀ.ਆਈ ਅਦਾਰਿਆਂ ਪਾਸ ਭੇਜਿਆ ਜਾਵੇਗਾ। ਸਕੱਤਰ ਤਕਨੀਕੀ ਸਿਖਿਆ ਜੀ ਵਲੋਂ ਇਹ ਵੀ ਦੱਸਿਆ ਗਿਆ ਕਿ ਉਨ੍ਹਾਂ ਨੂੰ ਇਸ ਮੰਤਵ ਲਈ ਕੇਂਦਰ ਸਰਕਾਰ ਵਲੋਂ ਕੋਈ ਫੰਡਜ਼ ਮੁਹੱਈਆ ਨਹੀਂ ਕਰਵਾਏ ਗਏ, ਬਲਕਿ ਵੱਖ ਵੱਖ ਵਿਭਾਗਾਂ ਵਲੋਂ ਹੀ ਇਸ ਫੰਡ ਵਿੱਚ ਅਪਣੀ ਅਪਣੀ ਹਿੱਸੇਦਾਰੀ ਪਾਈ ਜਾਣੀ ਹੈ, ਜਿਸ ਬਾਰੇ ਇਸ ਸਕੀਮ ਅਧੀਨ MOU ਤਿਆਰ ਕੀਤਾ ਜਾ ਰਿਹਾ ਹੈ।

ਮੌਕੇ ਤੇ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ RPL ਸਕੀਮ ਅਧੀਨ ਟ੍ਰੇਨਿੰਗ ਦੇਣ ਲਈ ਬੋਰਡ ਵਲੋਂ ਪਹਿਲਾਂ ਹੀ 22 ਸਾਈਟਾਂ ਜਿਥੇ ਘੱਟੋਂ ਘੱਟ 50 ਕਿਰਤੀ ਕੰਮ ਕਰਦੇ ਹਨ, ਦੀ ਲਿਸਟ ਤਕਨੀਕੀ ਸਿਖਿਆ ਵਿਭਾਗ ਨੂੰ ਮੁੱਹਈਆ ਕਰਵਾਈ ਜਾ ਚੁਕੀ ਹੈ। ਸਕਿਲ ਡਿਵੈਲਪਮੈਂਟ ਵਾਸਤੇ ਵੀ 18966 ਉਸਾਰੀ ਕਿਰਤੀਆਂ ਦਾ ਡਾਟਾ ਵੀ ਭੇਜਿਆ ਜਾ ਚੁਕਾ ਹੈ।

ਬੋਰਡ ਵਲੋਂ ਇਨ੍ਹਾਂ ਸਾਰੇ ਮੁੱਦਿਆਂ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਦੀ ਪਹਿਲੀ "ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ" ਨੂੰ expand ਕਰਦੇ ਹੋਏ ਤਕਨੀਕੀ ਸਿਖਿਆ ਵਿਭਾਗ ਪਾਸੋਂ MOU ਮਿਲਣ ਉਪਰੰਤ ਉਸਾਰੀ ਕਿਰਤੀਆਂ ਨੂੰ RPL ਦੇ concept ਅਤੇ ਸਕਿਲ ਡਿਵੈਲਪਮੈਂਟ ਦੀ ਟ੍ਰੇਨਿੰਗ ਦੁਆਉਣ ਲਈ ਕੇਂਦਰ ਸਰਕਾਰ ਵਲੋਂ ਜਾਰੀ ਕੀਤੀਆਂ ਗਾਈਡ-ਲਾਈਨਜ ਅਤੇ ਨਾਰਮਜ ਅਨੁਸਾਰ ਖਰਚਾ ਕਰਨ ਦੀ ਪ੍ਰਵਾਨਗੀ ਦਿਤੀ ਗਈ ਅਤੇ ਤਹਿ ਕੀਤਾ ਕਿ ਤਕਨੀਕੀ ਸਿਖਿਆ ਵਿਭਾਗ ਦੁਆਰਾ ਤਿਆਰ ਕੀਤੇ ਜਾ ਰਹੇ MOU ਨੂੰ ਮਾਨਯੋਗ ਸੁਪਰੀਮ ਕੋਰਟ ਦੁਆਰਾ ਸੈਸ ਫੰਡ ਦੀ ਵਰਤੋਂ ਸਬੰਧੀ ਦਿਤੇ ਹੁਕਮਾਂ ਅਧੀਨ ਘੋਖ ਕਰਦੇ ਹੋਏ ਅਗਲੀ ਕਾਰਵਾਈ ਕੀਤੀ ਜਾਵੇ। MOU ਫਾਈਨਲ ਕਰਨ ਤੋਂ ਪਹਿਲਾਂ ਹਰਿਆਣਾ ਕਿਰਤ ਵਿਭਾਗ ਕਿਸ ਤਰਾਂ ਇਹ ਸਕੀਮ ਲਾਗੂ ਕਰ ਰਿਹਾ ਹੈ ਉਸ ਨੂੰ ਵੀ ਘੋਖ ਲਿਆ ਜਾਵੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:3** **ਮਾਡਲ ਵੈਲਫੇਅਰ ਸੈਂਟਰ ਮੁਹਾਲੀ ਅਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ status ਰਿਪੋਟ।**

1) **ਮਾਡਲ ਵੈਲਫੇਅਰ ਸੈਂਟਰ ਮੁਹਾਲੀ ਬਾਰੇ**

ਇਸ ਪ੍ਰੋਜੈਕਟ ਤੇ ਉਸਾਰੀ ਸਬੰਧੀ ਹੋਈ ਪ੍ਰਗਤੀ ਬਾਰੇ ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਦੇ ਨੁਮਾਇੰਦਿਆਂ ਵਲੋਂ ਅਪਣੀ ਪ੍ਰੈਜੇਨਟੇਸ਼ਨ ਦਿਤੀ ਗਈ ਅਤੇ ਪ੍ਰੋਜੈਕਟ ਦੇ ਵੱਖ-ਵੱਖ ਪਹਿਲੂਆਂ ਬਾਰੇ ਬੋਰਡ ਨੂੰ ਜਾਣੂੰ ਕਰਵਾਇਆ ਗਿਆ।ਉਨ੍ਹਾਂ ਵਲੋਂ ਦਸਿਆ ਗਿਆ ਕਿ ਇਸ ਪ੍ਰੋਜੇਕਟ ਦੀ ਉਸਾਰੀ ਸਬੰਧੀ ਟੈਂਡਰ ਵਿੱਚ 6 ਕੰਪਨੀਆ ਵਲੋਂ ਸ਼ਮੂਲੀਅਤ ਕੀਤੀ ਗਈ ਸੀ 'ਜਿਨ੍ਹਾਂ ਵਿਚੋਂ ਇਕ ਕੰਸਟ੍ਰਕਸ਼ਨ ਕੰਪਨੀ ਆਰ.ਐਚ.ਜੀ ਲੁਧਿਆਣਾ ਨੂੰ ਇਮਾਰਤ ਦੀ ਉਸਾਰੀ' (ਸੀਵਰੇਜ, ਇਲੈਕਟਰੀਸਿਟੀ, ਕਾਰਪੈਂਟਰੀ, ਫਲੋਰਿੰਗ ਆਦਿ ਨੂੰ ਛੱਡਕੇ) ਸੰਬਧੀ ਟੈਂਡਰ ਦਿਤਾ ਗਿਆ ਹੈ।ਉਨ੍ਹਾਂ ਵਲੋਂ ਇਹ ਵੀ ਦਸਿਆ ਗਿਆ ਕਿ ਇਹ ਟੈਂਡਰ ਸੀ.ਐਸ.ਆਰ ਰੇਟ ਤੋਂ 11.25 % ਘੱਟ ਰੇਟ ਤੇ ਹੋਇਆ ਹੈ ਜਿਸ ਨਾਲ ਬੋਰਡ ਨੂੰ 1.30 ਕਰੋੜ ਰੁਪੇ ਦਾ ਫਾਇਦਾ ਹੋਇਆ ਹੈ। ਇਸ ਸਬੰਧੀ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ। ਬਿਲਡਿੰਗ ਦਾ ਨੀਂਹ ਪੱਥਰ ਰੱਖਣ ਲਈ ਮਾਨਯੋਗ ਚੇਅਰਮੈਨ ਜੀ ਵਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਤੋਂ ਉਨ੍ਹਾਂ ਦੀ ਸਹੂਲਤ ਅਨੁਸਾਰ ਮਿਤੀ ਅਤੇ ਸਮਾਂ ਲੈਕੇ ਨੀਂਹ ਪੱਥਰ ਰੱਖਣ ਦੀ ਰਸਮ ਅਮਲ ਵਿੱਚ ਲਿਆਂਦੀ ਜਾਵੇਗੀ।

2) **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਸਬੰਧੀ ਸਟੇਟਸ**

ਇਸ ਸਬੰਧ ਵਿੱਚ ਲੋਕਲ ਗੋਰਮਿੰਟ ਵਿਭਾਗ ਅਤੇ ਪੰਜਾਬ ਪੁਲੀਸ ਹਾਉਸਿੰਗ ਕਾਰਪੋਰੇਸ਼ਨ ਵਲੋਂ ਉਨ੍ਹਾਂ ਨੂੰ ਅਲਾਟ ਕੀਤੇ ਕੰਮ ਸਬੰਧੀ ਪ੍ਰਿਜੈਂਟੇਸ਼ਨ ਦਿਤੀ ਗਈ। ਸੈਕਟਰ 65 ਮੁਹਾਲੀ ਵਿਖੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਇਕ ਸਾਈਟ ਤੇ ਉਸਾਰੀ ਦਾ ਕੰਮ ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਨੂੰ ਅਲਾਟ ਕੀਤਾ ਗਿਆ ਸੀ। ਉਸ ਜਗ੍ਹਾ ਤੇ ਪੁਡਾ ਵਲੋਂ ਆਰਜੀ ਸ਼ੈਡ ਬਨਾਉਣ ਦੀ ਜਗ੍ਹਾ ਅਲਾਟ ਕੀਤੀ ਗਈ ਹੈ। ਪੰਜਾਬ ਪੁਲਿਸ ਹਾਉਸਿੰਗ ਕਾਰਪੋਰੇਸ਼ਨ ਵਲੋਂ ਇਹ ਸੁਝਾਅ ਦਿਤਾ ਗਿਆ ਕਿ ਇਸ ਜਗ੍ਹਾ ਤੇ pre-fabricated structure ਅਤੇ ਸਿੰਗਲ ਫਲੋਰ (without night shelter) ਬਣਾਇਆ ਜਾਵੇ। ਇਸ ਸੁਝਾਅ ਦੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ।

ਮੋਕੇ ਤੇ ਮੈਂਬਰ ਸਕੱਤਰ ਵਲੋਂ ਇਨ੍ਹਾਂ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਕਿਹਾ ਗਿਆ ਕਿ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦਾ ਨੀਂਹ ਪੱਥਰ ਰੱਖਣ ਲਈ ਬੋਰਡ ਨਾਲ ਸੰਪਰਕ ਵਿੱਚ ਰਹਿਣ ਅਤੇ ਨੀਂਹ ਪੱਥਰ ਦੀ ਭਾਸ਼ਾ ਦਾ ਖਰੜਾ ਪ੍ਰਵਾਨ ਕਰਵਾਕੇ ਮਾਨਯੋਗ ਚੇਅਰਮੈਨ ਜੀ ਨਾਲ ਤਾਲਮੇਲ ਰੱਖਣ ਤਾਂ ਜੋ ਜੇਕਰ ਚੇਅਰਮੈਨ ਜੀ ਪਾਸ ਸਮਾਂ ਉਪਲਬਧ ਹੋਵੇ ਤਾਂ ਉਹ ਅਪਣੀ ਸਹੂਲੀਅਤ ਅਨੁਸਾਰ ਨੀਂਹ ਪੱਥਰ ਰੱਖ ਸਕਣ। ਇਸ ਨਾਲ ਮੈਂਬਰ ਸਾਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:4** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ ਵਿੱਚ ਸੋਧ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਤਜਵੀਜਤ ਸੋਧੀ ਸ਼ਗਨ ਸਕੀਮ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੀ ਗਈ:-

**"ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਤੇ ਸ਼ਗਨ ਸਕੀਮ ₹ 21,000/- (ਸ਼ਗਨ ਦੀ ਰਕਮ)**

(ੳ) i) ਕੇਵਲ ਦੋ ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ, ਨਾ ਕਿ ਤਲਾਕ ਆਦਿ ਹੋ ਜਾਣ ਦੀ ਸੂਰਤ ਵਿੱਚ ਦੁਬਾਰਾ ਸ਼ਾਦੀ ਕਰਨ ਤੇ ਵੀ।

ii) ਜੇਕਰ ਲੜਕੀ ਬੋਰਡ ਪਾਸ ਖੁਦ ਬਤੌਰ ਲਾਭਪਾਤਰੀ ਰਜਿਸਟਰ ਹੋਵੇ ਤਾਂ ਉਹ ਵੀ ਇਸ ਸਕੀਮ ਅਧੀਨ ਅਪਣੀ ਸ਼ਾਦੀ ਲਈ ਸ਼ਗਨ ਦੀ ਰਾਸ਼ੀ ਪ੍ਰਾਪਤ ਕਰਨ ਦੀ ਹੱਕਦਾਰ ਹੋਵੇਗੀ ਬਸ਼ਰਤੇ ਕਿ ਉਸਦੇ ਰਜਿਸਟਰਡ ਮਾਤਾ ਪਿਤਾ ਵਲੋਂ ਅਪਣੀ ਇਸ ਲੜਕੀ ਦੀ ਸ਼ਾਦੀ ਲਈ ਇਸ ਸਕੀਮ ਅਧੀਨ ਕਲੇਮ ਨਾ ਲਿਆ ਹੋਵੇ। ਇਸ ਸਬੰਧੀ ਲੜਕੀ ਵਲੋਂ ਸਵੈਘੋਸ਼ਨਾ ਦਿਤੀ ਜਾਵੇਗੀ।

(ਅ) ਪੰਜੀਕ੍ਰਿਤ ਕਿਰਤੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਾਰੀਖ ਤੋਂ ਬਾਅਦ ਤਿੰਨ ਮਹੀਨੇ ਦੇ ਅੰਦਰ-ਅੰਦਰ ਦਰਖਾਸਤ ਦੇ ਸਕਦਾ ਹੈ। ਸ਼ਾਦੀ ਦੇ ਸਬੂਤ ਵਿਚ ਸਰਪੰਚ ਜਾਂ ਕਿਸੇ ਲੋਕਲ ਅਥਾਰਟੀ ਵਲੋਂ ਦਿਤਾ ਸਰਟੀਫਿਕੇਟ ਦਰਖਾਸਤ ਦੇ ਨਾਲ ਲਗਾਉਂਣਾ ਜ਼ਰੂਰੀ ਹੋਵੇਗਾ।

(ੲ) ਜੇਕਰ ਕਿਸੇ ਹੋਰ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ ਤੋਂ ਅਜਿਹਾ ਲਾਭ ਮਿਲ ਰਿਹਾ ਹੋਵੇ ਤਾਂ ਵੀ ਪੰਜੀਕ੍ਰਿਤ ਲਾਭਪਾਤਰੀ ਬੋਰਡ ਦੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ"

**ਨੋਟ:- ਸੋਧੀ ਹੋਈ ਸ਼ਗਨ ਸਕੀਮ ਉਨ੍ਹਾਂ ਕੇਸਾਂ ਵਿੱਚ ਲਾਗੂ ਹੋਵੇਗੀ ਜਿਥੇ ਸ਼ਾਦੀ ਮਿਤੀ 21.1.2015 ਨੂੰ ਜਾਂ ਉਸ ਤੋਂ ਬਾਦ ਹੋਈ ਹੋਵੇ।**

**ਸਪਲੀਮੈਂਟਰੀ ਅਜੰਡਾ ਆਈਟਮ ਨੰ: 5** **Funding in Pension Scheme for B&OCWs master policy no-102000240**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਪੈਨਸ਼ਨ ਸਕੀਮ ਅਧੀਨ ਐਲ.ਆਈ.ਸੀ ਪਾਸ ਪੈਨਸ਼ਨ ਫੰਡ ਵਿੱਚ 35 ਕਰੋੜ ਰੁਪਏ ਦੀ ਹੋਰ ਰਾਸ਼ੀ ਜਮਾਂ ਕਰਵਾਉਣ ਲਈ ਪ੍ਰਵਾਨਗੀ ਦਿਤੀ ਗਈ।

ਮੌਕੇ ਤੇ ਸ੍ਰੀ ਕਰਤਾਰ ਸਿੰਘ ਰਾਠੋਰ, ਮੈਂਬਰ ਬੋਰਡ ਵਲੋਂ ਇਹ ਕਿਹਾ ਗਿਆ ਕਿ ਪੈਨਸ਼ਨ ਸਕੀਮ ਅਧੀਨ ਐਲ.ਆਈ.ਸੀ ਵਲੋਂ ਜਿਨ੍ਹਾਂ ਕਿਰਤੀਆਂ ਨੂੰ ਪੈਨਸ਼ਨ ਸਰਟੀਫਿਕੇਟ ਜਾਰੀ ਕੀਤੇ ਗਏ ਹਨ, ਉਨ੍ਹਾਂ ਦਾ ਜਿਲ੍ਹਾਵਾਰ ਡਾਟਾ ਬੋਰਡ ਦੀ ਜਾਣਕਾਰੀ ਲਈ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਬਾਰੇ ਸਮੂਹ ਮੈਂਬਰ ਸਾਹਿਬਾਨ ਵਲੋਂ ਸਹਿਮਤੀ ਪ੍ਰਗਟ ਕਰਦੇ ਹੋਏ ਲੋੜੀਂਦਾ ਡਾਟਾ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਕਿਹਾ ਗਿਆ ਹੈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 6** **ਇੰਪਰੈਸਟ ਰਾਸ਼ੀ draw ਕਰਵਾਉਣ ਦੀ ਰਕਮ ਰੁਪਏ 10,000/- ਵਿੱਚ ਵਾਧਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਦੇ ਰੋਜਾਨਾ ਖਰਚਿਆਂ ਲਈ ਇੰਪਰੈਸਟ ਦੀ ਰਕਮ 10,000/- ਤੋਂ ਵਧਾਕੇ 20,000/- ਰੁਪਏ ਕਢਵਾਉਣ ਸਬੰਧੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:7** **ਰਜਿਸਟਰਡ ਵਰਕਰਾਂ ਦੇ ਮਕਾਨਾਂ ਦੀ ਰਿਪੇਅਰ ਕਰਵਾਉਣ ਵਾਸਤੇ ਸਹਾਇਤਾ ਦੇਣ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਰਜਿਸਟਰਡ ਵਰਕਰਾਂ ਨੂੰ ਮਕਾਨ ਦੀ ਰਿਪੇਅਰ ਲਈ ਸਹਾਇਤਾ ਦੇਣ ਬਾਰੇ ਅਜੰਡਾ ਆਈਟਮ ਬੋਰਡ ਦੀ ਮੀਟਿੰਗ ਵਿੱਚ ਰੱਖਣ ਬਾਰੇ ਮਾਨਯੋਗ ਕਿਰਤ ਮੰਤਰੀ ਜੀ ਵਲੋਂ ਇਕ ਨੋਟ ਮਿਤੀ 5.1.2015 ਪ੍ਰਾਪਤ ਹੋਇਆ ਸੀ ਜਿਸ ਦੇ ਆਧਾਰ ਤੇ ਸਕੀਮ ਤਿਆਰ ਕਰਕੇ ਬੀ.ਓ.ਸੀ.ਡਬਲਿਯੂ ਐਕਟ 1996 ਅਧੀਨ ਬਣਾਏ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਰੂਲਜ਼ 2008 ਦੇ ਰੂਲ 265 ਦੀ ਪਾਲਨਾ ਹਿੱਤ ਕੇਸ ਪੂਰਵ ਪ੍ਰਵਾਨਗੀ ਲਈ ਸਰਕਾਰ ਨੂੰ ਭੇਜਿਆ ਹੋਇਆ ਹੈ। ਇਸ ਕਾਰਨ ਹਾਲ ਦੀ ਘੜੀ ਇਹ ਮਾਮਲਾ ਲੰਬਿਤ ਰੱਖਿਆ ਹੈ ਅਤੇ ਮਾਨਯੋਗ ਚੇਅਰਮੈਨ ਸਾਹਿਬ ਨੇ ਇਸ ਨੂੰ ਛੇਤੀ ਤੋਂ ਛੇਤੀ ਕਲੀਅਰ ਕਰਨ ਦੀ ਹਦਾਇਤ ਕੀਤੀ।

**ਸਪਲੀਮੈਟਰੀ ਅਜੰਡਾ ਆਈਟਮ ਨੰ: 8** **ਬੋਰਡ ਦੇ ਮੁਖ ਦਫਤਰ ਦੇ ਕਰਮਚਾਰੀ ਅਤੇ ਫੀਲਡ ਵਿਚ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਦੇ ਨਾਲ ਲਗਾਏ ਗਏ ਡੈਡੀਕੇਟਿਡ ਵਰਕਰਜ, ਕੰਮਪਿਊਟਰ ਅਪਰੇਟਰਾਂ, ਡਰਾਈਵਰਾਂ ਅਤੇ ਸੇਵਾਦਾਰਾਂ ਆਦਿ ਨੂੰ ਮੋਬਾਇਲ ਦੀ ਵਰਤੋਂ ਲਈ ਮੋਬਾਇਲ ਭੱਤਾ ਦੇਣ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਜਿਨ੍ਹਾਂ ਅਧਿਕਾਰੀਆਂ ਨੂੰ ਪਹਿਲਾਂ ਤੋਂ ਹੀ ਮੋਬਾਈਲ ਭੱਤਾ ਦਿਤਾ ਜਾ ਰਿਹਾ ਹੈ, ਉਨ੍ਹਾਂ ਨੂੰ ਛੱਡਕੇ ਬੋਰਡ ਦੇ ਬਾਕੀ ਸਾਰੇ ਸੁਪਰਵਾਈਜਰੀ ਅਧਿਕਾਰੀਆਂ, ਕਲੈਰੀਕਲ ਕਰਮਚਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੀ ਮੋਬਾਈਲ ਭੱਤਾ ਦੀ ਪਾਲੀਸੀ ਅਨੁਸਾਰ ਮੋਬਾਈਲ ਭੱਤਾ ਦੇਣ ਦਾ ਫੈਸਲਾ ਲਿਆ ਗਿਆ ਹੈ ਅਤੇ ਕਿਹਾ ਗਿਆ ਕਿ ਇਸ ਸਮੇਂ ਇਨ੍ਹਾਂ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੇ ਸਰਕੁਲਰ ਨੰ:3/28/2011-4FP2/612-15 ਮਿਤੀ 3.10.2011 ਮੁਤਾਬਕ ਇਹ ਭੱਤਾ ਐਟ ਪਾਰ ਦੇ ਸਿਧਾਂਤ ਅਨੁਸਾਰ ਦਿਤਾ ਜਾਵੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ: 9** **ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਅਧੀਨ ਟ੍ਰੇਨਿੰਗ ਦੁਆਉਣ ਲਈ ਸੰਸਥਾਵਾਂ ਦੀ ਚੋਣ ਕਰਨ ਬਾਰੇ।**

ਇਸ ਮੱਦ ਅਧੀਨ M/s Mehrchand Technical Institute Jalandhar ਅਤੇ M/s Central Institute of Plastic Engineering & Technology (CIPET) ਅੰਮ੍ਰਿਤਸਰ ਵਲੋਂ ਉਸਾਰੀ ਕਿਰਤੀਆਂ ਦੀ ਸਕਿਲ ਡਿਵੈਲਪਮੈਂਟ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵੋਕੇਸ਼ਨਲ ਟ੍ਰੇਨਿੰਗ ਦੁਆਉਣ ਦੇ ਸਬੰਧ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਇਹ ਫੈਸਲਾ ਲਿਆ ਗਿਆ ਕਿ ਕੇਂਦਰ ਸਰਕਾਰ ਵਲੋਂ ਨਿਰਧਾਰਿਤ ਸਕੀਮ ਐਨ.ਸੀ.ਵੀ.ਟੀ ਦੇ ਨਾਰਮਜ ਅਧੀਨ ਪ੍ਰਵਾਨਤ ਕੋਰਸਾਂ ਲਈ ਨਿਰਧਾਰਿਤ ਕੀਤੇ sllabus, duration, fees, certification fees ਆਦਿ ਮੁਤਾਬਕ ਟ੍ਰੇਨਿੰਗ ਦੁਆਉਣ ਲਈ ਇਨ੍ਹਾਂ ਸੰਸਥਾਵਾਂ ਨੂੰ ਟ੍ਰੇਨਿੰਗ ਦੁਆਉਣ ਦਾ ਕੰਮ ਦੇ ਦਿਤਾ ਜਾਵੇ। ਇਸ ਦੇ ਨਾਲ ਹੀ ਬੋਰਡ ਵਲੋਂ ਟ੍ਰੇਨਿੰਗ ਸਬੰਧੀ ਉਸਾਰੀ ਕਿਰਤੀਆਂ ਦੀ ਐਡਮਿਸ਼ਨ ਦੇ ਵੇਰਵੇ ਲੈਣ ਉਪਰੰਤ ਬਣਦੀ ਫੀਸ ਵਿਚੋਂ 50% ਰਾਸ਼ੀ ਐਡਵਾਂਸ ਵਜੋਂ ਅਦਾ ਕਰਨ ਦੀ ਪ੍ਰਵਾਨਗੀ ਵੀ ਦਿਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:10** **ਬੋਰਡ ਨੂੰ 30.4.2009 ਤੋਂ ਟਰਸਟ ਰਜਿਸਟਰ ਕਰਾਉਣ ਲਈ ਐਕਸਪਰਟ ਵਕੀਲ ਸ੍ਰੀ ਰਾਜੀਵ ਦੀਵਾਨ ਸੀ.ਏ ਨੂੰ ਫੀਸ ਅਦਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਐਕਸਪਰਟ ਵਕੀਲ ਸ੍ਰੀ ਰਾਜੀਵ ਦੀਵਾਨ, ਸੀ.ਏ ਨੂੰ ਫੀਸ ਸਬੰਧੀ ਅਜੰਡੇ ਦੀ ਤਜਵੀਜ ਪ੍ਰਵਾਨ ਕਰ ਦਿਤੀ ਗਈ।

ਮਾਨਯੋਗ ਚੇਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।